# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 29-10-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਧਨਵੰਤਰੀ ਜੈਯੰਤੀ ਅਤੇ 9ਵੇਂ ਆਯੁਰਵੇਦ ਦਿਵਸ ਦੇ ਮੌਕੇ, ਨਵੀਂ ਦਿੱਲੀ ਵਿੱਚ ਕਰੀਬ 12 ਹਜ਼ਾਰ 850 ਕਰੋੜ ਰੁਪਏ ਦੇ ਸਿਹਤ ਖੇਤਰ ਨਾਲ ਸਬੰਧਤ, ਕਈ ਪ੍ਰੋਜੈਕਟਾਂ ਦੀ ਸ਼ੁਰੂਆਤ, ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਨੇ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਦੇ ਇੱਕ ਵੱਡੇ ਵਿਸਥਾਰ ਵਜੋਂ, 70 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਸਾਰੇ ਸੀਨੀਅਰ ਨਾਗਰਿਕਾਂ ਲਈ ਸਿਹਤ ਕਵਰੇਜ ਦੇ ਵਿਸਥਾਰ ਦੀ ਸ਼ੁਰੂਆਤ ਕੀਤੀ। ਇਹ ਸਾਰੇ ਸੀਨੀਅਰ ਨਾਗਰਿਕਾਂ ਨੂੰ ਉਨ੍ਹਾਂ ਦੀ ਆਮਦਨ ਦੀ ਪਰਵਾਹ ਕੀਤੇ ਬਿਨਾਂ ਸਿਹਤ ਕਵਰੇਜ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ, ਸ੍ਰੀ ਮੋਦੀ ਨੇ ਕਈ ਸਿਹਤ ਸੰਭਾਲ ਸੰਸਥਾਵਾਂ

ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਉਨ੍ਹਾਂ ਭਾਰਤ ਦੇ ਪਹਿਲੇ ਆਲ ਇੰਡੀਆ ਇੰਸਟੀਚਿਊਟ ਆਫ ਆਯੁਰਵੇਦ ਦੇ ਦੂਜੇ ਪੜਾਅ ਦਾ ਉਦਘਾਟਨ ਵੀ ਕੀਤਾ, ਜਿਸ ਵਿੱਚ ਇੱਕ ਪੰਚਕਰਮਾ ਹਸਪਤਾਲ, ਡਰੱਗ ਨਿਰਮਾਣ ਲਈ ਇੱਕ ਆਯੁਰਵੈਦਿਕ ਫਾਰਮੇਸੀ, ਇੱਕ ਸਪੋਰਟਸ ਮੈਡੀਸਨ ਯੂਨਿਟ, ਇੱਕ ਕੇਂਦਰੀ ਲਾਇਬ੍ਰੇਰੀ, ਇੱਕ ਆਈ.ਟੀ ਅਤੇ ਸਟਾਰਟ-ਅੱਪ ਇਨਕਿਊ-ਬੇਸ਼ਨ ਸੈਂਟਰ ਅਤੇ 500 ਸੀਟਾਂ ਸ਼ਾਮਲ ਨੇ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਧਨਤੇਰਸ ਦੇ ਮੌਕੇ 'ਤੇ ਲੋਕਾਂ ਨੂੰ ਵਧਾਈ ਦਿੱਤੀ ਏ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ੍ਰੀ ਮੋਦੀ ਨੇ ਕਾਮਨਾ ਕੀਤੀ ਕਿ ਭਗਵਾਨ ਧਨਵੰਤਰੀ ਦੇ ਆਸ਼ੀਰਵਾਦ ਨਾਲ ਹਰ ਕਿਸੇ ਦਾ ਜੀਵਨ ਹਮੇਸ਼ਾ ਚੰਗੀ ਸਿਹਤ, ਖੁਸ਼ਹਾਲੀ ਅਤੇ ਖੁਸ਼ਹਾਲੀ ਨਾਲ ਭਰਿਆ ਰਹੇ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਵੱਖ-ਵੱਖ ਸਰਕਾਰੀ ਵਿਭਾਗਾਂ

ਅਤੇ ਸੰਸਥਾਵਾਂ ਵਿੱਚ ਨਵ-ਨਿਯੁਕਤ ਨੌਜਵਾਨਾਂ ਨੂੰ, 51 ਹਜ਼ਾਰ ਤੋਂ ਵੱਧ ਨਿਯੁਕਤੀ ਪੱਤਰ ਵੰਡੇ । ਵੀਡੀਓ ਕਾਨਫਰੰਸਿੰਗ ਰਾਹੀਂ ਬੋਲਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਨੌਜਵਾਨਾਂ ਨੂੰ, ਸਥਾਈ ਸਰਕਾਰੀ ਨੌਕਰੀਆਂ ਦੇਣ ਲਈ ਉਪਰਾਲੇ ਜਾਰੀ ਨੇ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਏ । ਇਹ ਰੋਜ਼ਗਾਰ ਮੇਲਾ ਚੰਡੀਗੜ੍ਹ ਸਮੇਤ ਦੇਸ਼ ਭਰ ਵਿੱਚ 40 ਥਾਵਾਂ 'ਤੇ ਲਗਾਇਆ ਗਿਆ। ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਕੇਂਦਰ ਸਰਕਾਰ ਵਿੱਚ ਸ਼ਾਮਲ ਹੋਣ ਵਾਲੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਕਰਮਯੋਗੀ ਪ੍ਰਰੰਭ ਦੁਆਰਾ ਬੁਨਿਆਦੀ ਸਿਖਲਾਈ ਲੈਣ ਦਾ ਮੌਕਾ ਮਿਲੇਗਾ । ਇਹ ਔਨਲਾਈਨ ਮੋਡੀਊਲ iGOT ਕਰਮਯੋਗੀ ਪੋਰਟਲ 'ਤੇ ਉਪਲਬਧ ਏ। ਇੱਕ ਹਜ਼ਾਰ 400 ਤੋਂ ਵੱਧ ਈ-ਲਰਨਿੰਗ ਕੋਰਸ ਉਪਲਬਧ ਨੇ , ਜੋ ਕਿ ਨਵ ਨਿਯੁਕਤ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਭੂਮਿਕਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਉਣ ਅਤੇ ਵਿਕਸਿਤ ਭਾਰਤ ਬਣਾਉਣ ਲਈ ਕੰਮ ਕਰਨ ਲਈ ਜ਼ਰੂਰੀ ਹੁਨਰ ਨਾਲ ਲੈਸ ਕਰਨਗੇ।

-----------------------------------------------------------

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿੱਚ 'ਰਨ ਫਾਰ ਯੂਨਿਟੀ' ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਸਮਾਗਮ ਸਰਦਾਰ ਵੱਲਭ ਭਾਈ ਪਟੇਲ ਦੀ ਜਯੰਤੀ ਨੂੰ ਸਮਰਪਿਤ ਕੀਤਾ ਜਾ ਰਿਹਾ ਏ। ਇਸ ਮੌਕੇ ਬੋਲਦਿਆਂ ਗ੍ਰਹਿ ਮੰਤਰੀ ਨੇ ਕਿਹਾ ਕਿ ਏਕਤਾ ਦੌੜ ਸਿਰਫ਼ ਦੇਸ਼ ਦੀ ਏਕਤਾ ਦਾ ਸੰਕਲਪ ਨਹੀਂ ਸਗੋਂ ਹੁਣ ਵਿਕਸਤ ਭਾਰਤ ਦਾ ਸੰਕਲਪ ਵੀ ਬਣ ਗਈ ਏ। ਸਰਦਾਰ ਵੱਲਭ ਭਾਈ ਪਟੇਲ ਦੇ ਯੋਗਦਾਨ ਨੂੰ ਯਾਦ ਕਰਦੇ ਹੋਏ, ਗ੍ਰਹਿ ਮੰਤਰੀ ਨੇ ਕਿਹਾ ਕਿ ਸਰਦਾਰ ਪਟੇਲ ਨੇ ਇੱਕ ਸੰਯੁਕਤ ਦੇਸ਼ ਬਣਾਉਣ ਲਈ ਵਿਭਿੰਨ ਰਿਆਸਤਾਂ ਨੂੰ ਇੱਕਜੁੱਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਗ੍ਰਹਿ ਮੰਤਰੀ ਨੇ ਕਿਹਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਰਨ ਫਾਰ ਯੂਨਿਟੀ ਦਾ ਆਯੋਜਨ ਕੀਤਾ ਜਾ ਰਿਹਾ ਏ।

-----------------------------------------------------------

ਭਾਰਤੀ ਸਾਈਬਰ ਕ੍ਰਾਈਮ ਤਾਲਮੇਲ ਕੇਂਦਰ (I4C) ਨੇ ਕਾਲੇ ਧਨ ਨੂੰ

ਸਫ਼ੇਦ ਕਰਨ ਵਾਲੇ ਅੰਤਰ-ਰਾਸ਼ਟਰੀ ਸੰਗਠਿਤ ਸਾਈਬਰ ਅਪਰਾਧੀਆਂ ਦੁਆਰਾ ਜਾਅਲੀ ਬੈਂਕ ਖਾਤਿਆਂ ਦੀ ਵਰਤੋਂ ਕਰਕੇ ਬਣਾਈ ਗਈ ਗੈਰ-ਕਾਨੂੰਨੀ ਅਦਾਇਗੀ ਖਿਲਾਫ ਇੱਕ ਚੇਤਾਵਨੀ ਜਾਰੀ ਕੀਤੀ ਏ। ਗ੍ਰਿਹ ਮੰਤਰਾਲੇ ਨੇ ਕਿਹਾ ਕਿ ਗੁਜਰਾਤ ਪੁਲਿਸ ਅਤੇ ਆਂਧਰਾ ਪ੍ਰਦੇਸ਼ ਪੁਲਿਸ ਵਲੋਂ ਹਾਲ ਹੀ ਵਿੱਚ ਦੇਸ਼ ਵਿਆਪੀ ਛਾਪਿਆਂ ਤੋਂ ਪਤਾ ਚੱਲਿਆ ਏ ਕਿ ਅੰਤਰ-ਰਾਸ਼ਟਰੀ ਅਪਰਾਧੀਆਂ ਨੇ ਕਿਰਾਏ ਦੇ ਖਾਤਿਆਂ ਦੀ ਵਰਤੋਂ ਕਰਕੇ ਗੈਰ ਕਾਨੂੰਨੀ ਡਿਜੀਟਲ ਅਦਾਇਗੀ ਗੇਟਵੇ ਸਥਾਪਤ ਕੀਤੇ ਨੇ। ਇਹਨਾਂ ਦੀ ਵਰਤੋਂ ਵੱਖ-ਵੱਖ ਕਿਸਮਾਂ ਦੇ ਸਾਈਬਰ ਅਪਰਾਧਾਂ ਤੋਂ ਹੋਣ ਵਾਲੀ ਕਮਾਈ ਨੂੰ ਛੁਪਾਉਣ ਲਈ ਕੀਤੀ ਜਾਂਦੀ ਏ। ਗ੍ਰਿਹ ਮੰਤਰਾਲਾ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਸਹਿਯੋਗ ਨਾਲ, ਇੱਕ ਸਾਈਬਰ-ਸੁਰੱਖਿਅਤ ਭਾਰਤ ਬਣਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕ ਰਿਹਾ ਏ। ਇਹਨਾਂ ਖਾਤਿਆਂ ਨੂੰ ਵਿਦੇਸ਼ਾਂ ਤੋਂ ਰਿਮੋਟ ਰਾਹੀਂ ਕੰਟਰੋਲ ਕੀਤਾ ਜਾਂਦਾ ਏ। ਇਹਨਾਂ ਖਾਤਿਆਂ ਦੀ ਵਰਤੋਂ ਕਰਕੇ ਇੱਕ ਗੈਰ-ਕਾਨੂੰਨੀ ਅਦਾਇਗੀ ਗੇਟਵੇ ਬਣਾਇਆ ਜਾਂਦਾ ਏ। ਇਹ ਨਕਲੀ ਨਿਵੇਸ਼ ਘੁਟਾਲੇ ਦੀਆਂ ਸਾਈਟਾਂ, ਸੱਟੇਬਾਜ਼ੀ ਅਤੇ ਜੂਏ ਦੀਆਂ

ਵੈੱਬਸਾਈਟਾਂ, ਅਤੇ ਜਾਅਲੀ ਸਟਾਕ ਵਪਾਰ ਪਲੇਟਫਾਰਮਾਂ ਵਰਗੇ ਗੈਰ-ਕਾਨੂੰਨੀ ਪਲੇਟਫਾਰਮਾਂ 'ਤੇ ਜਮ੍ਹਾਂ ਰਕਮਾਂ ਨੂੰ ਸਵੀਕਾਰ ਕਰਨ ਲਈ ਅਪਰਾਧਿਕ ਸਿੰਡੀਕੇਟਾਂ ਨੂੰ ਦਿੱਤੇ ਜਾਂਦੇ ਨੇ। ਜੁਰਮ ਬਾਰੇ ਕਾਰਵਾਈ ਹੁੰਦੇ ਹੀ ਫੰਡ ਤੁਰੰਤ ਕਿਸੇ ਹੋਰ ਖਾਤੇ ਵਿੱਚ ਪਾ ਦਿੱਤੇ ਜਾਂਦੇ ਨੇ। ਭਾਰਤੀ ਸਾਈਬਰ ਕ੍ਰਾਈਮ ਤਾਲਮੇਲ ਕੇਂਦਰ ਨੇ ਨਾਗਰਿਕਾਂ ਨੂੰ ਸਲਾਹ ਦਿੱਤੀ ਏ ਕਿ ਉਹ ਆਪਣੇ ਬੈਂਕ ਖਾਤਿਆਂ ਦੇ ਕੰਪਨੀ ਰਜਿਸਟ੍ਰੇਸ਼ਨ ਸਰਟੀਫਿਕੇਟ ਜਾਂ ਆਧਾਰ ਰਜਿਸਟ੍ਰੇਸ਼ਨ ਸਰਟੀਫਿਕੇਟ ਕਿਸੇ ਨੂੰ ਵੀ ਨਾ ਵੇਚਣ ਜਾਂ ਕਿਰਾਏ 'ਤੇ ਨਾ ਦੇਣ। ਨਾਗਰਿਕਾਂ ਨੂੰ ਹੈਲਪਲਾਈਨ ਨੰਬਰ 1930 ਜਾਂ cyber crime.gov.in 'ਤੇ ਕਿਸੇ ਵੀ ਸਾਈਬਰ ਕ੍ਰਾਈਮ ਦੀ ਤੁਰੰਤ ਰਿਪੋਰਟ ਅਤੇ ਸੋਸ਼ਲ ਮੀਡੀਆ 'ਤੇ "ਸਾਈਬਰ-ਡੋਸਟ" ਖਾਤੇ ਦੀ ਪਾਲਣਾ ਕਰਨੀ ਚਾਹੀਦੀ ਏ।

---

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ 3 ਨਵੰਬਰ ਤੱਕ “ਰਾਸ਼ਟਰਾਂ ਦੀ ਖੁਸ਼ਹਾਲੀ ਲਈ ਅਖੰਡਤਾ ਦਾ ਸੱਭਿਆਚਾਰ” ਵਿਸ਼ੇ ‘ਤੇ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਏ। ਡਾ. ਹਰਵੰਸ਼ ਸਿੰਘ ਜੱਜ

ਇੰਸਟੀਚਿਊਟ ਆਫ਼ ਡੈਂਟਲ ਸਾਇੰਸਜ਼ ਤੇ ਹਸਪਤਾਲ, ਸਿੱਖਿਆ ਵਿਭਾਗ, ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਵਿਭਾਗ, ਰਾਜਨੀਤਿਕ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਨੇ ਇਮਾਨਦਾਰੀ, ਜਵਾਬਦੇਹੀ, ਅਤੇ ਜਨਤਕ ਚੌਕਸੀ 'ਤੇ ਜ਼ੋਰ ਦੇਣ ਲਈ ਕਈ, ਜਾਗਰੂਕਤਾ ਪ੍ਰੋਗਰਾਮ, ਪੋਸਟਰ ਮੇਕਿੰਗ ਮੁਕਾਬਲੇ, ਸਮਾਗਮ ਕਰਵਾਏ ਤੇ ਅਹਿਦ ਵੀ ਲਿਆ। ਜਾਗਰੂਕਤਾ ਹਫ਼ਤੇ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਚੀਫ ਵਿਜੀਲੈਂਸ ਅਫਸਰ ਪ੍ਰੋ: ਗੀਤਾ ਬਾਂਸਲ ਵਲੋਂ ਪੂਰਨ ਸੰਕਲਪ ਨਾਲ ਕੀਤੀ ਗਈ। ਉਨ੍ਹਾਂ ਸ਼ਾਸਨ ਅਤੇ ਰੋਜ਼ਾਨਾ ਦੀਆਂ ਕਾਰਵਾਈਆਂ ਵਿੱਚ ਚੌਕਸੀ ਦੀ ਮਹੱਤਤਾ ਬਾਰੇ ਚਰਚਾ ਕੀਤੀ।